"ਘਰ -ਘਰ ਰੋਜ਼ਗਾਰ"

# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)
ਫੇਜ-3 ਬੀ-1, ਮੁਹਾਲੀ।
(ਵੈਬਸਾਈਟ www.educationrecruitmentboard.com)

## ਜਨਤਕ ਨਿਯੁਕਤੀਆਂ (ਜੇਲ ਵਿਭਾਗ)

ਵਿਗਿਆਪਨ ਨੰ: 5/1 -2021 ਭਡ(11)/2021273412 ਮਿਤੀ: 12-08-2021

ਦਫ਼ਤਰ ਵਧੀਕ ਡਾਇਰੈਕਟਰ ਜਨਰਲ ਪੁਲਿਸ, ਜੇਲ੍ਹਾਂ, ਪੰਜਾਬ, ਚੰਡੀਗੜ੍ਹ ਵੱਲੋਂ ਭੇਜੀ ਗਈ Requisition ਅਨੁਸਾਰ ਜੇਲ੍ਹ ਵਿਭਾਗ ਵਿੱਚ ਈ.ਟੀ.ਟੀ. ਕਾਡਰ ਦੀਆਂ 22 ਅਸਾਮੀਆਂ ਦੀ ਭਰਤੀ ਲਈ ਯੋਗ ਉਮੀਦਵਾਰਾ ਪਾਸੋਂ, ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ 25.08.2021 ਤੱਕ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦੀ ਕੈਟਾਗਰੀ ਵਾਇਜ਼ ਵੰਡ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਕੈਟਾਗਰੀ | ਪੋਸਟਾਂ ਦੀ ਗਿਣਤੀ | 33% ਰਾਖਵਾਂਕਰਨ ਅਨੁਸਾਰ ਇਸਤਰੀ ਉਮੀਦਵਾਰਾਂ ਲਈ ਰਾਖਵੀਂ ਸੀਟਾਂ ਅਤੇ ਰੋਸਟਰ ਨੁਕਤਾ ਨੰਬਰ |
|---|---|---|---|
| 1 | ਜਨਰਲ | 9 | 3 (ਰਿਜ਼ਰਵੇਸ਼ਨ ਦਾ ਨੁਕਤਾ ਨੰ: 36,47,55) |
| 2 | ਅਨੁਸੂਚਿਤ ਜਾਤੀ (ਐਮ. ਤੇ ਬੀ.) | 2 | 2 (ਰਿਜ਼ਰਵੇਸ਼ਨ ਦਾ ਨੁਕਤਾ ਨੰ: 37,49) |
| 3 | ਅਨੁਸੂਚਿਤ ਜਾਤੀ (ਆਰ. ਤੇ ਓ.) | 2 | |
| 4 | ਅਨੁਸੂਚਿਤ ਜਾਤੀ (ਸਾਬਕਾ ਫ਼ੌਜੀ) (ਐਮ. ਤੇ ਬੀ.) | 1 | ਨਿਲ |
| 5 | ਅਨੁਸੂਚਿਤ ਜਾਤੀ (ਖਿਡਾਰੀ) (ਐਮ.ਤੇ ਬੀ) | 1 | ਨਿਲ |
| 6 | ਪੱਛੜੀਆਂ ਸ਼੍ਰੇਣੀਆਂ | 3 | 1 (ਰਿਜ਼ਰਵੇਸ਼ਨ ਦਾ ਨੁਕਤਾ ਨੰ: 42) |
| 7 | ਪੱਛੜੀਆਂ ਸ਼੍ਰੇਣੀਆਂ (ਸਾਬਕਾ ਫ਼ੌਜੀ) | 1 | ਨਿਲ |
| 8 | ਸਾਬਕਾ ਫ਼ੌਜੀ (ਜਨਰਲ) | 1 | ਨਿਲ |
| 9 | EWS (Economically Weaker Section) | 2 | 1 (ਰਿਜ਼ਰਵੇਸ਼ਨ ਦਾ ਨੁਕਤਾ ਨੰ: 39) |
| | ਕੁੱਲ | 22 | 7 |

12/8/21

2. ਵਿੱਦਿਅਕ ਯੋਗਤਾਵਾਂ:-

1) ਇਹ ਅਸਾਮੀਆਂ The Punjab State Elementary Education (Teaching Cadre) Group C Service Rules, 2018 and (Teaching Cadre) Border Area Group C Service Rules, 2018, The Punjab Education (Posting of Teacher in Disadvantage Area) Act.2021 (Punjab Act No. 12 of 2021) Dated April 5, 2021, Notification No. G.S.R.98/Const./Art.309/Amd.(2)/2021 Dated the 27th July, 2021 containing amendment in the Punjab State Elementary Education (Teaching Cadre) Group 'C' Service Rules, 2018 ਅਨੁਸਾਰ ਤੈਅ ਮੁਢਲੀ ਯੋਗਤਾਵਾਂ ਅਨੁਸਾਰ ਭਰਤੀਆਂ ਜਾਣਗੀਆਂ ਸਬੰਧਤ ਪ੍ਰਾਰਥੀ ਪਾਸ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਜ਼ਰੂਰੀ ਹਨ:-

2) Should have passed 10+2 from a recognized Board or institution:

3) Should possess two years Elementary Teachers' Training course from a recognized university or institution or two years Diploma in Elementary Education (By Whatever name known)

ਉਪਰੋਕਤ ਵਿੱਦਿਅਕ ਯੋਗਤਾਵਾਂ ਤੋਂ ਇਲਾਵਾ ਈ.ਟੀ.ਟੀ. ਅਧਿਆਪਕ ਦੀ ਅਸਾਮੀ ਲਈ ਉਮੀਦਵਾਰਾਂ ਵੱਲੋਂ ਆਰ.ਟੀ.ਈ. ਐਕਟ ਤਹਿਤ ਪੰਜਾਬ ਸਰਕਾਰ ਦੁਆਰਾ ਲਿਆ ਗਿਆ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ-1 (P.S.T.E.T-1) ਪਾਸ ਕੀਤਾ ਹੋਣਾ ਲਾਜ਼ਮੀ ਹੈ।

**ਨੋਟ: ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਲੋੜੀਂਦੀਆਂ ਯੋਗਤਾਵਾ ਪੂਰੀਆਂ ਕਰਦੇ ਉਮੀਦਵਾਰਾਂ ਨੂੰ ਹੀ ਫਾਰਮ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ।**

3. ਚੋਣ ਦਾ ਢੰਗ:

(i) ਇਨ੍ਹਾਂ ਅਸਾਮੀਆਂ ਦੀ ਭਰਤੀ ਕਰਨ ਸਬੰਧੀ ਸਟੇਟ ਪੱਧਰ ਤੇ 100 ਅੰਕ ਦਾ ਇੱਕ ਲਿਖਤੀ ਟੈਸਟ ਦਾ (ਆਬਜੈਕਟਿਵ ਟਾਈਪ) ਲਿਆ ਜਾਵੇਗਾ ਜੋ ਇਨ੍ਹਾਂ ਅਸਾਮੀਆਂ ਲਈ ਦਰਸਾਈਆਂ ਗਈਆਂ ਵਿਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਲਈ ਨਿਰਧਾਰਿਤ ਹੋਰ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਉਨ੍ਹਾਂ

ਉਮੀਦਵਾਰਾਂ ਦੀ ਮੈਰਿਟ ਲਿਖਤੀ ਟੈਸਟ ਅਤੇ ਉਚੇਰੀ ਯੋਗਤਾ ਦੇ ਅੰਕਾਂ ਨੂੰ ਜੋੜ ਕੇ ਬਣਾਈ ਜਾਵੇਗੀ।

(ii) ਉਚੇਰੀ ਯੋਗਤਾ ਦੇ ਅੰਕ ਹੇਠ ਲਿਖੇ ਅਨੁਸਾਰ ਦਿੱਤੇ ਜਾਣਗੇ:-

ਗ੍ਰੈਜੂਏਸ਼ਨ ਪਹਿਲੇ ਦਰਜੇ ਵਿੱਚ = 5 ਅੰਕ

ਦੂਜੇ ਦਰਜੇ ਵਿੱਚ = 3 ਅੰਕ

ਤੀਜੇ ਦਰਜੇ ਵਿੱਚ = 2 ਅੰਕ

(ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਲਿਖਤੀ ਟੈਸਟ ਵਿਚੋਂ ਬਰਾਬਰ ਅੰਕ ਆਉਂਦੇ ਹਨ ਤਾਂ ਜਿਸ ਉਮੀਦਵਾਰ ਦੀ ਉਮਰ ਵੱਧ ਹੋਵੇਗੀ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ ਅਤੇ ਜੇਕਰ ਇਕ ਤੋਂ ਵੱਧ ਉਮੀਦਵਾਰਾਂ ਦੇ ਅੰਕ ਅਤੇ ਉਮਰ ਦੋਨੋਂ ਇੱਕੋ ਜਿਹੇ ਹੋਣ ਤਾਂ ਉਮੀਦਵਾਰ ਦੇ ਪ੍ਰੋਫੈਸਨਲ ਡਿਗਰੀ ਵਿੱਚ ਵੱਧ ਪ੍ਰਤੀਸ਼ਤ ਅੰਕ ਹੋਣਗੇ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ)। ਉਚੇਰੀਆਂ ਯੋਗਤਾਵਾਂ ਦੇ ਵਾਧੂ ਅੰਕ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਮਿਲਣਯੋਗ ਹੋਣਗੇ ਜੋ ਈ.ਟੀ.ਟੀ. ਅਧਿਆਪਕਾਂ ਦੀ ਸਿੱਧੀ ਭਰਤੀ ਲਈ ਨਿਰਧਾਰਤ ਕੀਤੀਆਂ ਯੋਗਤਾਵਾਂ ਪੂਰੀਆਂ ਕਰਦੇ ਹੋਣਗੇ।

<u>4. ਤਨਖਾਹ:-</u>

ਇਸ ਅਸਾਮੀ ਦਾ ਤਨਖਾਹ ਸਕੇਲ, ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1) ਵੱਲੋਂ ਆਪਣੇ ਪੱਤਰ ਨੰ: FD-FP-10PySC/19/2020-2FP1/1/126199/2021 Dated 04-01-2021 ਰਾਹੀਂ 29200/- ਨਿਰਧਾਰਤ ਕੀਤਾ ਗਿਆ ਹੈ। ਸਰਕਾਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਤਿੰਨ ਸਾਲ ਦੇ ਪਰਖ ਕਾਲ ਸਮੇਂ ਦੌਰਾਨ ਮੁੱਢਲੀ ਤਨਖਾਹ ਤੇ ਰੱਖਿਆ ਜਾਵੇਗਾ।

<u>ਉਮਰ ਸੀਮਾ:</u>

(i) ਮਿਤੀ 1.1.2021 ਨੂੰ ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।

(ii) ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-7 ਸ਼ਾਖਾ) ਦੀ ਨੋਟੀਫਿਕੇਸ਼ਨ ਨੰਬਰ 13/01/2020/5 edu7/301/4 ਮਿਤੀ 11-11-2020 ਅਨੁਸਾਰ ਰਾਜ ਦੇ ਸਿੱਖਿਆ ਵਿਭਾਗ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਸਿੱਖਿਆ

ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰਜ, ਈ.ਜੀ.ਐਸ ਵਲੰਟੀਅਰਜ, ਏ.ਆਈ.ਈ. ਵਲੰਟੀਅਰਜ ਅਤੇ ਸਪੈਸ਼ਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਨੂੰ ਉਪਰਲੀ ਸੀਮਾ ਵਿੱਚ ਕੀਤੀ ਗਈ ਸੇਵਾ ਦੇ ਬਰਾਬਰ ਛੋਟ ਦਿੱਤੀ ਜਾਵੇਗੀ।

(iii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

(iv) ਪੰਜਾਬ, ਹੋਰ ਰਾਜਾਂ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

(v) ਪੰਜਾਬ ਰਾਜ ਦੀਆਂ ਵਿਧਵਾ ਅਤੇ ਤਲਾਕਸੁਦਾ ਔਰਤਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 42 ਸਾਲ ਤੱਕ ਛੋਟ ਹੋਵੇਗੀ।

(vi) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸ਼ਟਤਾ ਦੇਣੀ ਪਵੇਗੀ।

6. ਬਿਨੈ-ਪੱਤਰ ਦੀ ਪ੍ਰੋਸੈਸਿੰਗ ਫੀਸ:

| | | | |
|---|---|---|---|
| 1. | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰ ਲਈ: | | 1000 ਰੁਪਏ |
| 2. | ਰਿਜ਼ਰਵ ਕੈਟਾਗਰੀ (ਐਸ.ਸੀ./ਐਸ.ਟੀ.) | : | 500 ਰੁਪਏ |
| 3. | ਸਾਬਕਾ ਸੈਨਿਕ (ਖੁੱਦ) | : | ਕੋਈ ਨਹੀਂ |

ਨੋਟ:-

(ੳ) ਸਾਬਕਾ ਸੈਨਿਕ (ਖੁਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ, ਬਸ਼ਰਤੇ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਨੌਕਰੀ ਦੌਰਾਨ ਜਾਂ ਨਿਸਚਿਤ ਆਮ ਸਰਤਾ ਮੁਕੰਮਲ ਹੋਣ ਤੋਂ ਪਹਿਲਾਂ ਹੀ ਖੁੱਦ ਦੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾਂ ਕੀਤਾ ਗਿਆ ਹੋਵੇ। ਸਾਬਕਾ ਸੈਨਿਕਾਂ ਦੇ ਆਸਰਿਤਾਂ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ Lineal Descendant Certificate (LDC) ਅਸਲ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਜਮ੍ਹਾਂ ਕਰਵਾਉਣਾ ਹੋਵੇਗਾ।